ਪ੍ਰੈੱਸ ਰਿਲੀਜ਼

# ਐਲਬਰਟਾ ਅਤੇ ਔਟਵਾ ਨੇ ਲੈਂਡਮਾਰਕ ਊਰਜਾ ਸਮਝੌਤੇ 'ਤੇ ਦਸਤਖਤ ਕੀਤੇ

27 ਨਵੰਬਰ, 2025

---

ਕੈਨੇਡਾ ਅਤੇ ਐਲਬਰਟਾ ਦੀਆਂ ਸਰਕਾਰਾਂ ਨੇ ਏਸ਼ੀਅਨ ਮਾਰਕੀਟਾਂ ਨੂੰ ਦੁੱਗਣੇ ਨਾਲੋਂ ਵੀ ਵੱਧ ਤੇਲ ਨਿਰਯਾਤ ਕਰਨ, ਪੂੰਜੀ-ਨਿਵੇਸ਼ ਅਨਿਸਚਿਤਤਾ ਨਾਲ ਨਜਿੱਠਣ ਅਤੇ ਨਿਕਾਸੀ ਮਾਦੇ ਨੂੰ ਘਟਾਉਣ ਲਈ ਇਕ ਨਵੇਂ ਸਮਝੌਤੇ 'ਤੇ ਦਸਤਖਤ ਕੀਤੇ ਹਨ।

ਨਵੀਂ ਊਰਜਾ ਭਾਈਵਾਲੀ ਆਪਣੇ ਮੁਲਕ ਨੂੰ ਵਿਸ਼ਵ ਦੀ ਊਰਜਾ ਸੁਪਰਪਾਵਰ 'ਚ ਬਦਲਣ ਅਤੇ ਇਕ ਵਧੇਰੇ ਮਜ਼ਬੂਤ ਤੇ ਜੀਵਿੰਤ ਆਰਥਿਕਤਾ ਉਸਾਰਨ ਦੇ ਐਲਬਰਟਾ ਅਤੇ ਕੈਨੇਡਾ ਦੇ ਸਾਂਝੇ ਉਦੇਸ਼ ਦੀ ਪ੍ਰਾਪਤੀ ਵੱਲ ਨੂੰ ਇਕ ਮਹੱਤਵਪੂਰਨ ਕਦਮ ਹੈ।

ਨਵੇਂ ਊਰਜਾ ਸਮਝੌਤੇ 'ਚ ਸ਼ਾਮਲ ਹੈ:

- ਸਰਕਾਰ ਦੁਆਰਾ ਇਹ ਘੋਸ਼ਣਾ ਕਰਨਾਂ ਕਿ ਏਸ਼ੀਅਨ ਮਾਰਕੀਟਾਂ ਨੂੰ ਜਾਣ ਵਾਲੀ ਮੂਲਵਾਸੀਆਂ ਨਾਲ ਸਾਂਝੀ ਮਲਕੀਅਤ ਵਾਲੀ ਐਲਬਰਟਾ ਬਿਟੂਮੈੱਨ ਪਾਈਪਲਾਈਨ ਇਕ ਰਾਸ਼ਟਰੀ ਹਿੱਤਾਂ ਦਾ ਪ੍ਰਾਜੈਕਟ ਹੈ।
- ਇਹ ਸਮਝੌਤਾ ਕਿ ਪਾਰਟੀਆਂ ਪ੍ਰਾਈਵੇਟ ਤੌਰ 'ਤੇ ਫਾਇਨਾਂਸ ਕੀਤੀ ਅਤੇ ਉਸਾਰੀ ਜਾਂਦੀ 1 ਮਿਲੀਅਨ+ ਬੈਰਲ ਪ੍ਰਤੀ ਦਿਨ ਵਾਲੀ, ਮੂਲਵਾਸੀਆਂ ਨਾਲ ਸਾਂਝੀ ਮਲਕੀਅਤ ਦੀ, ਏਸ਼ੀਅਨ ਮਾਰਕੀਟਾਂ ਨੂੰ ਇਕ ਸਟ੍ਰੈਟਿਜਿਕ ਡੀਪ-ਵਾਟਰ ਪੋਰਟ ਰਾਹੀਂ ਜਾਣ ਵਾਲੀ ਬਿਟੂਮੈੱਨ ਪਾਈਪ ਲਾਈਨ ਦੀ ਅਰਜ਼ੀ, ਮਨਜ਼ੂਰੀ ਅਤੇ ਉਸਾਰੀ ਨੂੰ ਆਸਾਨ ਬਣਾਉਣ ਲਈ ਇਕੱਠਿਆਂ ਮਿਲ ਕੇ ਕੰਮ ਕਰਨਗੀਆਂ।
- ਫੈਡਰਲ ਸਰਕਾਰ ਦੁਆਰਾ ਵਚਨਬੱਧਤਾ, ਕਿ ਉਹ ਤੇਲ ਅਤੇ ਗੈਸ ਦੇ ਨਿਕਾਸੀ ਮਾਦੇ ਉੱਪਰ ਲੱਗਦੀ ਫੈਡਰਲ ਕੈਪ ਨਹੀਂ ਲਗਾਵੇਗੀ।
- ਫੈਡਰਲ ਕਲੀਨ ਇਲੈਕਟ੍ਰੀਸਿਟੀ ਰੈਗੂਲੇਸ਼ਨਜ਼ ਦੀ ਝਟਪਟ ਮੁਅਤੱਲੀ ਅਤੇ ਇਹ ਸਹਿਮਤੀ ਕਿ ਪਾਰਟੀਆਂ ਹਜ਼ਾਰਾਂ ਮੈਗਾਵਾਟ ਏ ਆਈ ਕੰਪਿਊਟਿੰਗ ਪਾਵਰ ਦੀ ਉਸਾਰੀ ਵੱਲ ਨੂੰ ਕੰਮ ਕਰਨਗੀਆਂ, ਜਿਸਦਾ ਵੱਡਾ ਭਾਗ ਕੈਨੇਡਾ ਅਤੇ ਇਸਦੇ ਸਾਥੀ ਮੁਲਕਾਂ ਲਈ ਪ੍ਰਭੂਸੱਤਾ ਸੰਪੰਨ ਕੰਪਿਊਟਿੰਗ ਨੂੰ ਸਮਰਪਤ ਹੋਵੇਗਾ।
- ਦੋਹਾਂ ਸਰਕਾਰਾਂ ਦੁਆਰਾ ਪਾਥਵੇਜ਼ ਕੰਪਨੀਆਂ ਨਾਲ ਭਾਈਵਾਲੀ ਕਰਨ ਦੀ ਵਚਨਬੱਧਤਾ, ਜੋ ਦੁਨੀਆਂ ਦੇ ਸਭ ਤੋਂ ਵੱਡੇ ਕਾਰਬਨ ਕੈਪਚਰ ਯੂਟਿਲਾਈਜ਼ੇਸ਼ਨ ਐਂਡ ਸਟੋਰੇਜ਼ (CCUS) ਪ੍ਰਾਜੈਕਟ ਨੂੰ ਫਾਇਨਾਂਸ ਕਰਨਗੀਆਂ ਅਤੇ ਉਸਾਰਨਗੀਆਂ, ਜਿਸ ਪ੍ਰਾਜੈਕਟ ਦਾ ਮਕਸਦ ਐਲਬਰਟਾ ਦੇ ਬਿਟੂਮੈੱਨ ਨੂੰ ਦੁਨੀਆਂ 'ਚ ਭਾਰੀ ਤੇਲ ਦੇ ਸਭ ਤੋਂ ਘੱਟ ਤੀਬਰ ਨਿਕਾਸੀ ਮਾਦੇ ਵਾਲਾ ਬੈਰਲ ਬਣਾਉਣਾ ਹੈ।
- 2050 ਤੱਕ ਸ਼ੁੱਧ ਜ਼ੀਰੋ ਗਰੀਨਹਾਊਸ ਗੈਸ ਨਿਕਾਸੀ ਮਾਦੇ ਦੀ ਪ੍ਰਾਪਤੀ ਵਾਸਤੇ, ਐਲਬਰਟਾ ਅਤੇ ਫੈਡਰਲ ਸਰਕਾਰਾਂ 1 ਅਪਰੈਲ 2026 ਤੱਕ ਐਲਬਰਟਾ ਦੇ TIER ਸਿਸਟਮ ਦੁਆਰਾ ਤੇਲ ਤੇ ਗੈਸ ਅਤੇ ਬਿਜਲੀ ਦੋਹਾਂ ਸੈਕਟਰਾਂ 'ਚ ਐਲਬਰਟਾ ਦੇ ਵੱਡੇ ਨਿਕਾਸੀ

ਮਾਦਾ ਪੈਦਾ ਕਰਨ ਵਾਲਿਆਂ ਵਾਸਤੇ ਗਲੋਬਲ ਤੌਰ 'ਤੇ ਮੁਕਾਬਲੇਯੋਗ ਲੰਮੀ ਮਿਆਦ ਦਾ ਕਾਰਬਨ ਮੁੱਲ-ਨਿਰਧਾਰਨ ਅਤੇ ਸੈਕਟਰ ਵਿਸ਼ੇਸ਼ ਸਖਤ ਫੈਕਟਰ ਡਿਜ਼ਾਈਨ ਕਰਨਗੀਆਂ ਅਤੇ ਉਨ੍ਹਾਂ ਨਾਲ ਵਚਨਬੱਧ ਹੋਣਗੀਆਂ।

- ਟੀਚਾ ਪੂਰਾ ਕਰਨ ਦੀ 2035 ਦੀ ਤਰੀਕ ਅਤੇ 2014 ਦੇ ਮਿਥੇਨ ਨਿਕਾਸੀ ਮਾਦਾ ਲੈਵਲਾਂ ਦੇ ਮੁਕਾਬਲੇ 75 ਪ੍ਰਤਿਸ਼ਤ ਘਟਾਉਣ ਦੇ ਨਿਸ਼ਾਨੇ ਸਹਿਤ, 1 ਅਪਰੈਲ 2026 ਤੱਕ ਮੀਥੇਨ ਇਕੁਈਵੈਲੈਂਸੀ ਐਗਰੀਮੈਂਟ 'ਚ ਸ਼ਾਮਲ ਹੋਣਾ।
- ਮੂਲਵਾਸੀ ਭਾਈਵਾਲਾਂ ਅਤੇ ਬ੍ਰਿਟਿਸ਼ ਕੁਲੰਬੀਆ ਸਰਕਾਰ ਨਾਲ ਝਟਪਟ ਗੱਲਬਾਤ ਕਰਨ ਅਤੇ ਕੰਮ ਕਰਨ ਲਈ ਸਮਝੌਤਾ, ਤਾਂ ਕਿ ਉਨ੍ਹਾਂ ਦੇ ਲੋਕਾਂ ਵੱਲੋਂ ਪਾਈਪ ਲਾਈਨ ਤੋਂ ਮਿਲਣ ਵਾਲੇ ਵੱਡੇ ਆਰਥਿਕ ਅਤੇ ਵਿੱਤੀ ਫਾਇਦਿਆਂ ਨੂੰ ਮਾਣਨਾ ਯਕੀਨੀ ਬਣਾਇਆ ਜਾ ਸਕੇ।
- ਵੱਖ ਵੱਖ ਕਾਨੂੰਨਾਂ, ਰੈਗੂਲੇਸ਼ਨਾਂ ਅਤੇ ਪਾਲਿਸੀ 'ਚ ਕਈ ਤਰ੍ਹਾਂ ਦੀਆਂ ਤਬਦੀਲੀਆਂ ਦੁਆਰਾ ਰੈਗੂਲੇਟਰੀ ਅਨਿਸਚਿਤਤਾ ਨੂੰ ਵੱਡੇ ਰੂਪ 'ਚ ਘਟਾਉਣਾ।

ਨਵਾਂ ਸਮਝੌਤਾ ਇਹ ਵੀ ਦਰਸਾਉਂਦਾ ਹੈ ਕਿ ਐਲਬਰਟਾ ਅਤੇ ਕੈਨੇਡਾ ਦੋਵੇਂ ਐਲਬਰਟਾ ਦੇ ਤੇਲ ਅਤੇ ਗੈਸ ਦੇ ਉਤਪਾਦਨ ਅਤੇ ਨਿਰਯਾਤ ਨੂੰ ਵਧਾਉਣ, ਐਲਬਰਟਾ 'ਚ ਏ ਆਈ ਡੈਟਾ ਸੈਂਟਰ ਅਤੇ ਹੋਰ ਸਬੰਧਤ ਇੰਡਸਟਰੀਆਂ 'ਚ ਵਾਧੇ ਨੂੰ ਵੱਧ ਤੋਂ ਵੱਧ ਉੱਪਰ ਲਿਜਾਣ, ਕੈਨੇਡਾ ਨੂੰ ਇਸਦੀ ਰਾਸ਼ਟਰੀ ਸੁਰੱਖਿਆ ਦੇ ਟੀਚੇ ਪ੍ਰਾਪਤ ਕਰਨ 'ਚ ਮਦਦ ਕਰਨ, ਸੈਂਕੜੇ ਹਜ਼ਾਰਾਂ ਨਵੀਆਂ ਨੌਕਰੀਆਂ ਪੈਦਾ ਕਰਨ ਦੇ ਢੰਗ ਤਰੀਕਿਆਂ 'ਤੇ ਫੋਕਸ ਕਰਦੇ ਹਨ, ਜਦੋਂ ਕਿ CCUS ਨੂੰ ਵਿਕਸਤ ਅਤੇ ਲਾਗੂ ਕਰਨ, ਨਿਕਾਸੀ ਮਾਦੇ ਨੂੰ ਘੱਟ ਕਰਨ ਵਾਲੀਆਂ ਨਿਊਕਲੀਅਰ ਅਤੇ ਹੋਰ ਤਕਨਾਲੋਜੀਆਂ ਦੁਆਰਾ ਕੈਨੇਡਾ ਦੇ ਤੇਲ, ਗੈਸ ਅਤੇ ਬਿਜਲੀ ਖੇਤਰ 'ਚ ਨਿਕਾਸੀ ਮਾਦੇ ਦੀ ਤੀਬਰਤਾ ਨੂੰ ਘਟਾਉਂਦੇ ਹਨ।

"ਇਹ ਐਲਬਰਟਾ ਦੇ ਗਲੋਬਲ ਐਨਰਜੀ ਸੁਪਰਪਾਵਰ ਬਣਨ ਅਤੇ ਰਾਸ਼ਟਰ ਨੂੰ ਇਹ ਵਿਖਾਉਣ ਵੱਲ ਨੂੰ ਪਹਿਲਾ ਕਦਮ ਚੁੱਕਣ ਦੇ ਮੌਕੇ ਦਾ ਪਲ ਹੈ, ਕਿ ਸਰੋਤਾਂ ਦਾ ਵਿਕਾਸ ਅਤੇ ਟਿਕਾਊਪਣ ਸਾਥ ਸਾਥ ਰਹਿ ਸਕਦੇ ਹਨ। ਸਾਡੇ ਅੱਗੇ ਬਹੁਤ ਸਾਰਾ ਸਖ਼ਤ ਕੰਮ ਹੈ, ਪਰੰਤੂ ਅੱਜ ਰਾਸ਼ਟਰੀ ਉਸਾਰੀ ਦਾ ਇਹ ਇਕ ਨਵਾਂ ਸ਼ੁਰੂਆਤੀ ਪੁਆਇੰਟ ਹੈ, ਕਿਉਂਕਿ ਅਸੀਂ ਲੱਖਾਂ ਲੋਕਾਂ ਦੇ ਫਾਇਦੇ ਵਾਸਤੇ ਊਰਜਾ ਉਤਪਾਦਨ ਵਧਾ ਰਹੇ ਹਾਂ ਅਤੇ ਐਲਬਰਟਾ ਤੇ ਫੈਡਰਲ ਸਰਕਾਰ ਦਰਮਿਆਨ ਨਵੇਂ ਸਬੰਧਾਂ ਨੂੰ ਬਣਾ ਰਹੇ ਹਾਂ।"

*Danielle Smith, ਪ੍ਰੀਮੀਅਰ ਆਫ ਐਲਬਰਟਾ*

**ਤੇਲ ਪਾਈਪਲਾਈਨ**

ਮੂਲਵਾਸੀਆਂ ਨਾਲ ਸਾਂਝੀ ਮਲਕੀਅਤ ਵਾਲੀ ਏਸ਼ੀਅਨ ਮਾਰਕੀਟਾਂ ਨੂੰ ਜਾਂਦੀ ਬਿੱਟੂਮੈੱਨ ਪਾਈਪਲਾਈਨ ਯਕੀਨੀ ਬਣਾਵੇਗੀ ਕਿ ਸਾਡਾ ਸੂਬਾ ਅਤੇ ਸਾਡਾ ਮੁਲਕ ਹੁਣ ਆਪਣੇ ਸਭ ਤੋਂ ਮੁੱਲਵਾਨ ਸਰੋਤ ਦੇ ਕੇਵਲ ਇਕ ਹੀ ਖਰੀਦਦਾਰ ਗਾਹਕ 'ਤੇ ਨਿਰਭਰ ਨਹੀਂ ਰਹਿਣਗੇ। ਇਹ ਸਹਿਮਤੀ ਹੋਈ ਹੈ ਕਿ ਇਹ ਨਵੀਂ ਪਾਈਪਲਾਈਨ ਟਰਾਂਸ ਮਾਊਂਟੇਨ ਪਾਈਪਲਾਈਨ ਦੇ ਵਿਸਤਾਰ ਕਰਨ ਤੋਂ ਇਲਾਵਾ ਹੋਏਗੀ, ਜਿਹੜੀ ਏਸ਼ੀਅਨ ਮਾਰਕੀਟਾਂ ਨੂੰ 300,000 ਤੋਂ 400,000 ਬੈਰਲ ਪ੍ਰਤਿ ਦਿਨ ਵਧੀਕ ਘੱਲਣ ਲਈ ਹੋਵੇਗੀ।

ਇਹ ਸਮਝੌਤਾ ਟੈਂਕਰਾਂ ਉੱਤੇ ਪਾਬੰਦੀ 'ਚ ਲੋੜੀਂਦੀਆਂ ਐਡਜਟਮੈਂਟਾਂ ਦੀ ਵੀ ਇਜਾਜ਼ਤ ਦਿੰਦਾ ਹੈ, ਜਦੋਂ ਏਸ਼ੀਆ ਨੂੰ ਨਵੀਂ ਪਾਈਪਲਾਈਨ ਵੱਡੇ ਪ੍ਰਾਜੈਕਟਾਂ ਦੇ ਦਫਤਰ ਵੱਲੋਂ ਮਨਜ਼ੂਰ ਹੋ ਜਾਵੇਗੀ, ਅਤੇ ਨਾਲ ਦੀ ਨਾਲ ਉਨ੍ਹਾਂ ਸੋਧਾਂ ਦੀ, ਜਿਹੜੀਆਂ ਇਹ ਯਕੀਨੀ ਬਣਾਉਣਗੀਆਂ ਕਿ ਐਲਬਰਟਾ ਦੀਆਂ ਊਰਜਾ ਕੰਪਨੀਆਂ ਬਿਨਾਂ ਕਿਸੇ ਦੰਡ ਦੇ ਡਰ ਤੋਂ ਦੁਨੀਆਂ ਭਰ 'ਚ ਆਪਣੀ ਵਾਤਾਵਰਣਿਕ ਲੀਡਰਸ਼ਿੱਪ ਅਤੇ ਯਤਨਾਂ ਨੂੰ ਐਡਵਰਟਾਈਜ਼ ਕਰ ਸਕਣਗੀਆਂ।

"ਇਹ ਪਾਈਪਲਾਈਨ ਭਾਈਵਾਲੀ ਅਤੇ ਤਰੱਕੀ ਨੂੰ ਦਰਸਾਉਣ ਦਾ ਇਕ ਕਮਾਲ ਦਾ ਮੌਕਾ ਹੈ। ਮੇਰੀ ਆਸ ਹੈ ਕਿ ਇਹ ਫਸਟ ਨੇਸ਼ਨਜ਼ ਵਾਸਤੇ ਦੇਰ ਤੱਕ ਰਹਿਣ ਵਾਲੇ ਵਿੱਤੀ ਫਾਇਦੇ ਪੈਦਾ ਕਰੇਗੀ ਅਤੇ ਸਬੰਧਾਂ ਨੂੰ ਮਜ਼ਬੂਤ ਕਰੇਗੀ, ਜਿਹੜੇ ਸਭ ਤੋਂ ਵੱਧ ਮਾਅਨੇ ਰੱਖਦੇ ਹਨ - ਸਰਕਾਰ ਤੋਂ ਸਰਕਾਰ ਅਤੇ ਕਮਿਊਨਿਟੀ ਤੋਂ ਕਮਿਊਨਿਟੀ। ਮੂਲਵਾਸੀਆਂ ਦੀ ਐਕੁਇਟੀ ਮਲਕੀਅਤ ਕੈਨੇਡਾ ਦੀ ਆਰਥਿਕਤਾ ਨੂੰ ਆਕਾਰ ਦੇ ਰਹੀ ਹੈ, ਅਤੇ ਜਦੋਂ ਸਾਡੀਆਂ ਆਵਾਜ਼ਾਂ ਹਰੇਕ ਫੈਸਲੇ ਨੂੰ ਅਗਵਾਈ ਦੇਣ 'ਚ ਮਦਦ ਕਰਦੀਆਂ ਹਨ, ਅਸੀਂ ਇਕ ਭਰੋਸਾ ਅਤੇ ਅਤੇ ਇਕ ਭਵਿੱਖ ਉਸਾਰਦੇ ਹਾਂ ਜਿਹੜਾ ਆਉਣ ਵਾਲੀਆਂ ਪੀੜ੍ਹੀਆਂ ਲਈ ਮਦਦਗਾਰ ਹੋਵੇਗਾ।"

*George Arcand Jr, ਚੀਫ, ਅਲੈਗਜ਼ੈਂਡਰ ਫਸਟ ਨੇਸ਼ਨ*

**ਤੇਲ ਅਤੇ ਗੈਸ ਨਿਕਾਸੀ ਮਾਦਾ ਕੈਪ**

ਫੈਡਰਲ ਸਰਕਾਰ ਨੇ ਤੇਲ ਅਤੇ ਗੈਸ ਨਿਕਾਸੀ ਮਾਦਾ ਕੈਪ ਨੂੰ ਲਾਗੂ ਨਾ ਕਰਨ ਦੀ ਵੀ ਵਚਨਬੱਧਤਾ ਕੀਤੀ ਹੈ, ਜਿਸ ਨਾਲ ਐਲਬਰਟਾ ਨੂੰ ਆਪਣੇ ਤੇਲ ਉਤਪਾਦਨ 'ਚ ਅਤੇ ਪ੍ਰਾਈਵੇਟ ਸੈਕਟਰ ਦੀਆਂ ਨੌਕਰੀਆਂ 'ਚ ਵਿਸ਼ਾਲ ਵਾਧਾ ਕਰਨ ਅਤੇ ਐਲਬਰਟਾ ਨੂੰ 2030 ਤੱਕ ਛੇ ਮਿਲੀਅਨ ਬੈਰਲ ਪ੍ਰਤਿ ਦਿਨ ਅਤੇ 2035 ਤੱਕ ਅੱਠ ਮਿਲੀਅਨ ਬੈਰਲ ਪ੍ਰਤਿ ਦਿਨ ਦੇ ਆਪਣੇ ਟੀਚੇ ਵੱਲ ਤੁਰਨ ਦੀ ਇਜਾਜ਼ਤ ਮਿਲਦੀ ਹੈ।

"ਪ੍ਰਾਇਮ ਮਿਨਿਸਟਰ ਕਾਰਨੀ ਅਤੇ ਪ੍ਰੀਮੀਅਰ ਸਮਿੱਥ ਵੱਲੋਂ ਅੱਜ ਦਸਤਖਤ ਕੀਤਾ ਗਿਆ ਊਰਜਾ ਸਮਝੌਤਾ ਇਕ ਮਹੱਤਵਪੂਰਨ ਇਸ਼ਾਰਾ ਕਰਦਾ ਹੈ ਕਿ ਕੈਨੇਡਾ ਦਾ ਤੇਲ ਅਤੇ ਗੈਸ ਦਾ ਵਿਕਾਸ ਕਰਨਾਂ ਆਰਥਿਕਤਾ ਦਾ ਇਕ ਅਨਿੱਖਵਾਂ ਅੰਗ ਹੈ ਅਤੇ ਇਹ ਬਿਜ਼ਨਸ ਵਾਸਤੇ ਖੁੱਲ੍ਹਾ ਹੈ। ਇਹ ਸਮਝੌਤਾ ਦਰਸਾਉਂਦਾ ਹੈ ਕਿ ਕੈਨੇਡਾ ਉਨ੍ਹਾਂ ਰੈਗੂਲੇਸ਼ਨਾਂ ਅਤੇ ਪਾਲਿਸੀਆਂ ਨਾਲ ਨਜਿੱਠਣ ਲਈ ਕਾਰਵਾਈ ਕਰ ਰਿਹਾ ਹੈ ਜਿਹੜੀਆਂ ਮੁਕਾਬਲੇਬਾਜ਼ੀ ਅਤੇ ਪੂੰਜੀ-ਨਿਵੇਸ਼ 'ਤੇ ਅਸਰ ਪਾ ਰਹੀਆਂ ਹਨ।"

*Tristan Goodman, ਪ੍ਰੈਜ਼ੀਡੈਂਟ ਐਂਡ ਸੀ ਈ ਓ, ਦਿ ਐਕਸਪਲੋਰਰਜ਼ ਐਂਡ ਪ੍ਰੋਡਿਊਸਰਜ਼ ਐਸੋਸੀਏਸ਼ਨ ਆਫ ਕੈਨੇਡਾ*

"ਬਿਜ਼ਨਸ ਕੌਂਸਲ ਆਫ ਐਲਬਰਟਾ ਤੇਲ ਅਤੇ ਗੈਸ ਨਿਕਾਸੀ ਮਾਦਾ ਕੈਪ ਨੂੰ ਹਟਦਿਆਂ ਵੇਖਣ ਲਈ ਖੁਸ਼ ਹੈ, ਜਿਹੜੀ ਕੈਨੇਡਾ 'ਚ ਉਤਪਾਦਨ ਅਤੇ ਖੁਸ਼ਹਾਲੀ 'ਤੇ ਇਕ ਕੈਪ ਸੀ। ਹੁਣ, ਕੈਪ ਤੋਂ ਬਗੈਰ, ਕੈਨੇਡਾ ਸੱਚਮੁੱਚ ਊਰਜਾ ਉਤਪਾਦਨ ਵਧਾ ਸਕਦਾ, ਗਲੋਬਲ ਪੱਧਰ 'ਤੇ ਨਿਰਯਾਤ ਕਰ ਸਕਦਾ ਅਤੇ ਪੂੰਜੀ-ਨਿਵੇਸ਼ ਅਤੇ ਨੌਕਰੀਆਂ ਪੈਦਾ ਕਰ ਸਕਦਾ ਹੈ, ਜਿਹੜੀਆਂ ਕੈਨੇਡਾ ਦੇ ਸਾਰੇ ਲੋਕਾਂ ਦੇ ਜੀਵਨ ਪੱਧਰ ਨੂੰ ਚੰਗੇਰਾ ਬਣਾਉਣ 'ਚ ਮਦਦ ਕਰਨਗੀਆਂ।"

*Adam Legge, ਪ੍ਰੈਜ਼ੀਡੈਂਟ, ਬਿਜ਼ਨਸ ਕੌਂਸਲ ਆਫ ਐਲਬਰਟਾ*

Alberta

# ਪ੍ਰੈੱਸ ਰਿਲੀਜ਼

**ਕਲੀਨ ਇਲੈਕਟ੍ਰੀਸਿਟੀ ਰੈਗੂਲੇਨਸ਼ਨਜ਼**

ਸਮਝੌਤੇ 'ਚ ਐਲਬਰਟਾ 'ਚ ਸਾਫ ਬਿਜਲੀ ਰੈਗੂਲੇਸ਼ਨਾਂ ਦੀ ਝਟਪਟ ਮੁਅਤੱਲੀ ਵੀ ਸ਼ਾਮਲ ਹੈ, ਜਿਹੜੀ ਐਲਬਰਟਾ ਦੇ ਪਾਵਰ ਗਰਿੱਡ ਨੂੰ ਸਥਿਰ ਕਰੇਗੀ ਅਤੇ ਸੂਬੇ ਨੂੰ ਏ ਆਈ ਡੈਟਾ ਸੈਂਟਰਾਂ 'ਚ ਵਿਸ਼ਾਲ ਪੂੰਜੀ-ਨਿਵੇਸ਼ ਦੇ ਯੋਗ ਬਣਾਵੇਗੀ। ਇਸਦੇ ਇਲਾਵਾ, ਐਲਬਰਟਾ ਫੈਡਰਲ ਸਰਕਾਰ ਅਤੇ ਇੰਡਸਟਰੀ ਨਾਲ ਐਲਬਰਟਾ ਦੇ TIER ਪ੍ਰੋਗਰਾਮ ਦੁਆਰਾ ਪ੍ਰਸ਼ਾਸਤ ਕੀਤੇ ਜਾਣ ਵਾਲੇ ਇਕ ਨਵੇਂ ਇੰਡਸਟਰੀਅਲ ਕਾਰਬਨ ਪ੍ਰਾਈਸਿੰਗ ਐਗਰੀਮੈਂਟ 'ਤੇ ਕੰਮ ਕਰੇਗਾ।

**ਪਾਥਵੇਅਜ਼ ਅਤੇ ਨਿਕਾਸੀ ਮਾਦਾ ਘਟਾਉਣਾ**

ਦੋਵੇਂ ਸਰਕਾਰਾਂ ਦੁਨੀਆਂ ਦੇ ਸਭ ਤੋਂ ਵੱਡੇ CCUS ਇੰਨਫ੍ਰਾਸਟ੍ਰੱਕਚਰ ਪ੍ਰਾਜੈਕਟ ਨੂੰ ਪੂਰਿਆਂ ਕਰਨ ਦੇ ਕੰਮ ਨੂੰ ਅਗਾਂਹ ਵਧਾਉਣ ਲਈ ਪਾਥਵੇਅਜ਼ ਕੰਪਨੀਆਂ ਨਾਲ ਰਲ਼ਕੇ ਕੰਮ ਕਰਨ ਲਈ ਵਚਨਬੱਧ ਹਨ।

ਇਹ ਐਲਬਰਟਾ ਨੂੰ ਨਿਕਾਸੀ ਮਾਦਾ ਘਟਾਉਣ ਦੀ ਇੰਨਫ੍ਰਾਸਟ੍ਰੱਕਚਰ, ਵਿਸ਼ੇਸ਼ ਕਰਕੇ ਕਾਰਬਨ ਕੈਪਚਰ ਯੂਟਿਲਾਈਜ਼ੇਸ਼ਨ ਅਤੇ ਸਟੋਰੇਜ ਖੇਤਰ ਨੂੰ ਵਿਕਸਤ ਕਰਨ ਤੇ ਲਾਗੂ ਕਰਨ 'ਚ ਵਿਸ਼ਵ ਲੀਡਰ ਬਣਾ ਦੇਵੇਗਾ। ਐਲਬਰਟਾ ਬਿੱਟੂਮੈੱਨ ਇਸ ਦੁਨੀਆਂ 'ਚ ਸਭ ਤੋਂ ਸਾਫ-ਸੁਥਰਾ ਭਾਰੀ ਤੇਲ ਹੋਵੇਗਾ ਜਿਹੜਾ ਵਧੇਰੇ ਭਾਰੀ ਨਿਕਾਸੀ ਮਾਦਾ ਛੱਡਣ ਵਾਲੇ ਰੂਸ, ਵੈਨਜ਼ੂਏਲਾ ਅਤੇ ਇਰਾਨ ਦੇ ਤੇਲ ਨੂੰ ਵਿਸਥਾਪਤ ਕਰੇਗਾ ਅਤੇ ਚੰਗੇਰੇ ਵਾਤਾਵਰਣਿਕ ਤੇ ਜੀਉਪੁਲੀਟੀਕਲ ਨਤੀਜਿਆਂ ਨੂੰ ਸਾਹਮਣੇ ਲਿਆਵੇਗਾ।

"ਪਾਥਵੇਅਜ਼ ਅਲਾਇੰਸ ਇਸ ਮਹੱਤਵਪੂਰਨ ਮੈਮੋਰੰਡਮ ਆਫ ਅੰਡਰਸਟੈਂਡਿੰਗ 'ਚ ਅੱਪੜਨ ਵਾਸਤੇ ਪ੍ਰਾਇਮ ਮਿਨਿਸਟਰ ਕਾਰਨੀ ਅਤੇ ਪ੍ਰੀਮੀਅਰ ਸਮਿੱਥ ਦੋਹਾਂ ਦੀ ਲੀਡਰਸ਼ਿੱਪ ਦੀ ਸ਼ਲਾਘਾ ਕਰਦਾ ਹੈ, ਜਿਹੜਾ ਉਸ ਇੰਡਸਟਰੀ ਦੇ ਵਾਧੇ ਦਾ ਸਮਰਥਨ ਕਰਦਾ ਹੈ ਜਿਹੜੀ ਕੈਨੇਡਾ ਦੀ ਆਰਥਿਕਤਾ ਲਈ ਬਹੁਤ ਮਹੱਤਵਪੂਰਨ ਹੈ। ਆਉਣ ਵਾਲੇ ਮਹੀਨਿਆਂ ਵਿਚ ਅਸੀਂ ਕੈਨੇਡਾ ਦੇ ਇਕ ਐਨਰਜੀ ਸੁਪਰਪਾਵਰ ਬਣਨ ਦੇ ਸਾਂਝੇ ਟੀਚੇ ਤਹਿਤ, ਇਸ ਸਮਝੌਤੇ ਦੇ ਵਿਸਥਾਰ ਉੱਪਰ ਫੈਡਰਲ ਅਤੇ ਐਲਬਰਟਾ ਦੋਹਾਂ ਸਰਕਾਰਾਂ ਨਾਲ ਕੰਮ ਕਰਨ ਦੀ ਆਸ ਕਰਦੇ ਹਾਂ।"

*Kendall Dilling, ਪ੍ਰੈਜ਼ੀਡੈਂਟ, ਪਾਥਵੇਅਜ਼ ਅਲਾਇੰਸ*

**ਸੰਬੰਧਤ ਜਾਣਕਾਰੀ**

- ਕੈਨੇਡਾ ਸਰਕਾਰ ਅਤੇ ਅਲਬਰਟਾ ਸਰਕਾਰ ਵਿਚਕਾਰ ਸਮਝੌਤੇ ਦਾ ਮੈਮੋਰੈਂਡਮ

**ਮਲਟੀਮੀਡੀਆ**

- ਖ਼ਬਰਾਂ ਦੀ ਪ੍ਰੈਸ ਕਾਨਫ਼ਰੰਸ ਦੇਖੋ

**ਪ੍ਰੈੱਸ** ਰਿਲੀਜ਼

**ਮੀਡੀਆ ਇੰਨਕੁਆਰੀਆਂ**

Sam Blackett
Sam.Blackett@gov.ab.ca
587-589-6048
ਪ੍ਰੈੱਸ ਸੈਕਰੇਟਰੀ, ਆਫਿਸ ਆਫ ਦਿ ਪ੍ਰੀਮੀਅਰ